शिक्षा मंत्रालय
MINISTRY OF
**EDUCATION**

कौशल विकास और उद्यमशीलता मंत्रालय
Ministry of **Skill Development**
**And Entrepreneurship**

सत्यमेव जयते

# ਟੈਕਨਾਲੋਜੀ ਅਤੇ ਭਾਰਤੀ ਭਾਸ਼ਾ ਸਿਖਰ ਸੰਮੇਲਨ

## 30 ਸਤੰਬਰ ਅਤੇ 1 ਅਕਤੂਬਰ 2023

**ਸਥਾਨ: ਡਾ. ਅੰਬੇਡਕਰ ਇੰਟਰਨੈਸ਼ਨਲ ਸੈਂਟਰ, ਜਨਪਥ, ਨਵੀਂ ਦਿੱਲੀ**

https://technology-bharatiyabhasha.aicte-india.org/

### ਟੈਕਨਾਲੋਜੀ ਅਤੇ ਭਾਰਤੀ ਭਾਸ਼ਾ ਸਿਖਰ ਸੰਮੇਲਨ ਬਾਰੇ

ਟੈਕਨਾਲੋਜੀ ਅਤੇ ਭਾਰਤੀ ਭਾਸ਼ਾ ਸਿਖਰ ਸੰਮੇਲਨ ਵਿੱਚ ਚਰਚਾ ਦੇ ਤਿੰਨ ਮੁੱਖ ਖੇਤਰ ਹਨ "ਭਾਰਤੀ ਭਾਸ਼ਾਵਾਂ ਲਈ ਟੈਕਨਾਲੋਜੀ, ਭਾਰਤੀ ਭਾਸ਼ਾਵਾਂ ਵਿੱਚ ਟੈਕਨਾਲੋਜੀ ਅਤੇ ਭਾਰਤੀ ਭਾਸ਼ਾਵਾਂ ਰਾਹੀਂ ਟੈਕਨਾਲੋਜੀ"। ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਦੀ ਅਗਵਾਈ ਹੇਠ, ਭਾਰਤੀ ਭਾਸ਼ਾ ਸੰਸਥਾਨ (ਸੀ.ਆਈ.ਆਈ.ਐਲ.), ਮੈਸੂਰ ਨੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ.ਜੀ.ਸੀ), ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ (ਏ.ਆਈ.ਸੀ.ਟੀ.ਈ), ਨੈਸ਼ਨਲ ਐਜੂਕੇਸ਼ਨਲ ਟੈਕਨਾਲੋਜੀ ਫੋਰਮ (ਐਨ.ਈ.ਟੀ.ਐਫ.) ਦੇ ਸਹਿਯੋਗ ਨਾਲ, ਭਾਰਤੀ ਭਾਸ਼ਾ ਸਮਿਤੀ (ਬੀ.ਬੀ.ਐਸ), ਨੈਸ਼ਨਲ ਕਾਉਂਸਿਲ ਆਫ਼ ਐਜੂਕੇਸ਼ਨਲ ਰਿਸਰਚ ਐਂਡ ਟ੍ਰੇਨਿੰਗ (ਐਨ.ਸੀ.ਈ.ਆਰ.ਟੀ), ਨੈਸ਼ਨਲ ਕਾਉਂਸਿਲ ਫਾਰ ਵੋਕੇਸ਼ਨਲ ਐਜੂਕੇਸ਼ਨ ਐਂਡ ਟ੍ਰੇਨਿੰਗ (ਐਨ.ਸੀ.ਵੀ.ਈ.ਟੀ) ਅਤੇ ਨੈਸ਼ਨਲ ਕੌਂਸਲ ਫਾਰ ਟੀਚਰ ਐਜੂਕੇਸ਼ਨ (ਐਨ.ਸੀ.ਟੀ.ਈ) ਇਸ ਸਮਾਗਮ ਦਾ ਆਯੋਜਨ ਕਰ ਰਹੇ ਹਨ। ਇਸ ਸਿਖਰ ਸੰਮੇਲਨ ਦਾ ਉਦੇਸ਼ 30 ਸਤੰਬਰ ਅਤੇ 1 ਅਕਤੂਬਰ 2023 ਨੂੰ ਡਾ. ਅੰਬੇਡਕਰ ਇੰਟਰਨੈਸ਼ਨਲ ਸੈਂਟਰ, ਜਨਪਥ, ਨਵੀਂ ਦਿੱਲੀ ਵਿਖੇ ਸਾਰੇ ਹਿੱਤਧਾਰਕਾਂ ਨੂੰ ਇੱਕ ਪਲੇਟਫਾਰਮ 'ਤੇ ਲਿਆਉਣਾ ਅਤੇ ਭਾਰਤੀ ਭਾਸ਼ਾਵਾਂ ਦੀ ਵਰਤੋਂ ਦੇ ਖੇਤਰਾਂ ਵਿੱਚ ਟੈਕਨਾਲੋਜੀ ਦੀ ਵਰਤੋਂ ਕਰਦੇ ਹੋਏ ਕੌਮੀ ਸਿੱਖਿਆ ਨੀਤੀ-2020 ਦੇ ਟੀਚਿਆਂ ਨੂੰ ਪ੍ਰਾਪਤ ਕਰਨ ਦੇ ਤਰੀਕਿਆਂ 'ਤੇ ਵਿਚਾਰ ਕਰਨਾ ਹੈ।



ਸਿਖਰ ਸੰਮੇਲਨ ਦੀ ਇਸ ਦੋ ਰੋਜਾ ਬੈਠਕ ਦੌਰਾਨ ਨਵੀਂ ਦਿੱਲੀ ਵਿਖੇ 1000 ਡੈਲੀਗੇਟਾਂ ਦੇ ਸ਼ਾਮਲ ਹੋਣ ਦੀ ਉਮੀਦ ਹੈ। ਇਸ ਸਮਾਗਮ ਵਿੱਚ ਪੇਸ਼ਕਾਰੀਆਂ, ਪੈਨਲ ਚਰਚਾਵਾਂ, ਪ੍ਰਦਰਸ਼ਨੀਆਂ ਅਤੇ ਨੈੱਟਵਰਕਿੰਗ ਦੇ ਮੌਕੇ ਸ਼ਾਮਲ ਹੋਣਗੇ। ਸੰਮੇਲਨ ਵਿੱਚ ਭਾਰਤੀ ਭਾਸ਼ਾਵਾਂ ਦੇ ਰਾਹੀਂ ਟੈਕਨਾਲੋਜੀ ਵਿੱਚ ਕੰਮ ਕਰਨ ਵਾਲੇ ਤਕਨੀਕੀ ਮਾਹਰ ਤੇ ਸੰਸਥਾਵਾਂ, ਏਆਈ (ਆਰਟੀਫੀਸ਼ੀਅਲ ਇੰਟੈਲੀਜੈਂਸ) ਅਤੇ ਐਮਐਲ (ਮਸ਼ੀਨ ਲਰਨਿੰਗ) ਦੇ ਖੋਜਕਰਤਾ, ਸਿੱਖਿਆ-ਤਕਨੀਕੀ ਕੰਪਨੀਆਂ, ਸਟਾਰਟ-ਅੱਪ, ਉਪਭੋਗਤਾ ਅਤੇ ਅਜਿਹੀ ਟੈਕਨਾਲੋਜੀ ਦੇ ਨੀਤੀ ਨਿਰਮਾਤਾ ਹਿੱਸਾ ਲੈਣਗੇ। ਇਹ ਹਾਜ਼ਰ ਲੋਕਾਂ ਵਿੱਚ ਵਿਚਾਰਾਂ ਦੇ ਆਦਾਨ-ਪ੍ਰਦਾਨ ਅਤੇ ਸਹਿਯੋਗ ਦੀ ਸਹੂਲਤ ਦੇਵੇਗਾ, ਅਤੇ ਭਾਰਤ ਅਤੇ ਵਿਸ਼ਵ ਵਿੱਚ ਭਾਸ਼ਾ ਟੈਕਨਾਲੋਜੀ, ਖੋਜ ਅਤੇ ਨਵੀਂ ਰੀਤ ਨੂੰ ਉਤਸ਼ਾਹਿਤ ਕਰੇਗਾ।

## ਸਿਖਰ ਸੰਮੇਲਨ ਦੀ ਥੀਮ

ਐਨਈਪੀ-2020 ਵਿਦਿਅਕ ਮੌਕਿਆਂ ਦੀ ਪਹੁੰਚ ਨੂੰ ਵਧਾਉਣ, ਸਮਾਵੇਸ਼ ਅਤੇ ਵਿਭਿੰਨਤਾ ਦੀਆਂ ਚਿੰਤਾਵਾਂ ਨੂੰ ਦੂਰ ਕਰਨ ਅਤੇ ਦੇਸ਼ ਵਿੱਚ ਵਿਦਿਅਕ ਪ੍ਰਣਾਲੀ ਦੀ ਪਹੁੰਚ, ਗੁਣਵੱਤਾ, ਬਰਾਬਰੀ, ਸਮਰੱਥਾ ਅਤੇ ਜਵਾਬਦੇਹੀ ਵਿੱਚ ਸੁਧਾਰ ਕਰਨ ਲਈ ਟੈਕਨਾਲੋਜੀ ਦੀ ਵਰਤੋਂ 'ਤੇ ਬਹੁਤ ਜ਼ੋਰ ਦਿੰਦੀ ਹੈ।

ਇਸ ਸਿਖਰ ਸੰਮੇਲਨ ਦਾ ਉਦੇਸ਼ ਮੌਜੂਦਾ ਭਾਸ਼ਾ ਪਰਿਆਵਰਨ ਪ੍ਰਣਾਲੀ ਤੋਂ ਭਾਰਤੀ ਭਾਸ਼ਾ ਪਰਿਆਵਰਨ ਵਿੱਚ ਸੁਚਾਰੂ ਤਬਦੀਲੀ ਲਈ ਟੈਕਨਾਲੋਜੀ ਦਾ ਲਾਭ ਉਠਾਉਣਾ ਹੈ। ਭਾਸ਼ਾ ਅਤੇ ਟੈਕਨਾਲੋਜੀ ਦੇ ਸੰਦਰਭ ਵਿੱਚ, ਤਿੰਨ ਮੁੱਖ ਖੇਤਰਾਂ 'ਤੇ ਜ਼ੋਰ ਦਿੱਤਾ ਗਿਆ ਹੈ:

- **ਭਾਰਤੀ ਭਾਸ਼ਾਵਾਂ ਲਈ ਟੈਕਨਾਲੋਜੀ**
- **ਭਾਰਤੀ ਭਾਸ਼ਾਵਾਂ ਵਿੱਚ ਟੈਕਨਾਲੋਜੀ**
- **ਭਾਰਤੀ ਭਾਸ਼ਾਵਾਂ ਰਾਹੀਂ ਟੈਕਨਾਲੋਜੀ**

## ਭਾਰਤੀ ਭਾਸ਼ਾਵਾਂ ਲਈ ਟੈਕਨਾਲੋਜੀ

ਵਿਸ਼ੇ ਦੇ ਇਸ ਪਹਿਲੂ ਦਾ ਉਦੇਸ਼ ਅਧਿਆਪਨ, ਜਾਂਚ, ਸਿਖਲਾਈ ਅਤੇ ਅਨੁਵਾਦ ਦੇ ਖੇਤਰਾਂ ਵਿੱਚ ਭਾਰਤੀ ਭਾਸ਼ਾਵਾਂ ਲਈ ਟੈਕਨਾਲੋਜੀ ਦੀ ਵਰਤੋਂ ਕਰਨਾ ਹੈ। ਅਧਿਆਪਨ ਵਿੱਚ ਭਾਰਤੀ ਭਾਸ਼ਾਵਾਂ ਨੂੰ ਔਨਲਾਈਨ ਅਤੇ ਔਫਲਾਈਨ ਦੋਵਾਂ ਢੰਗਾਂ ਵਿੱਚ ਸਿੱਖਣਾ ਅਤੇ ਸਿਖਾਉਣਾ, ਸਿੱਖਣ-ਸਿਖਾਉਣ ਦੀ ਸਮੱਗਰੀ ਦਾ ਵਿਕਾਸ ਕਰਨਾ, ਸਿੱਖਿਆ ਸ਼ਾਸਤਰ ਆਦਿ ਸ਼ਾਮਲ ਹਨ। ਜਾਂਚ ਵਿੱਚ ਭਾਰਤੀ ਭਾਸ਼ਾਵਾਂ ਵਿੱਚ ਭਾਸ਼ਾ ਦੀ ਮੁਹਾਰਤ ਦੇ ਵੱਖ-ਵੱਖ ਪੱਧਰਾਂ ਲਈ ਜਾਂਚ ਵਿਧੀਆਂ ਅਤੇ ਪਰੀਖਿਆਵਾਂ ਸ਼ਾਮਲ ਹੁੰਦੀਆਂ ਹਨ। ਸਿਖਲਾਈ ਦਾ ਅਰਥ ਹੈ ਪ੍ਰੀ-ਸਰਵਿਸ ਅਤੇ ਇਨ-ਸਰਵਿਸ ਭਾਸ਼ਾ ਅਤੇ ਵਿਸ਼ਾ ਅਧਿਆਪਕਾਂ, ਮਾਸਟਰ ਟ੍ਰੇਨਰਾਂ, ਭਾਰਤੀ ਭਾਸ਼ਾਵਾਂ ਵਿੱਚ ਪਾਠ ਪੁਸਤਕ ਲੇਖਕਾਂ, ਅਤੇ ਟੈਕਨਾਲੋਜੀ ਦੀ ਵਰਤੋਂ ਕਰਦੇ ਹੋਏ ਭਾਸ਼ਾ ਦੇ ਮੁਲਾਂਕਣ ਅਤੇ ਮੁੱਲ-ਨਿਰਧਾਰਨ ਵਿੱਚ ਲੱਗੇ ਪਰੀਖਿਅਕਾਂ ਅਤੇ ਮਾਹਰਾਂ ਦੀ ਸਿਖਲਾਈ।

ਅਨੁਵਾਦ ਦਾ ਉਦੇਸ਼ ਭਾਰਤੀ ਭਾਸ਼ਾਵਾਂ ਲਈ ਭਾਸ਼ਾ ਅਨੁਵਾਦ ਸਾਧਨਾਂ ਨੂੰ ਵਿਕਸਿਤ ਕਰਨਾ ਤੇ ਅਪਗ੍ਰੇਡ ਕਰਨਾ ਹੈ ਅਤੇ ਭਾਰਤੀ ਭਾਸ਼ਾਵਾਂ ਵਿੱਚ ਸਿੱਖਿਅਤ ਅਨੁਵਾਦਕਾਂ ਦਾ ਇੱਕ ਵਿਸ਼ਾਲ ਪੂਲ ਵੀ ਤਿਆਰ ਕਰਨਾ ਹੈ। ਇਹ ਟੈਕਨਾਲੋਜੀ ਆਦਿ ਵਰਤੋਂ ਕਰਦਿਆਂ ਭਾਰਤੀ ਭਾਸ਼ਾਵਾਂ ਵਿੱਚ ਡਿਜ਼ੀਟਲ ਅਨੁਵਾਦ ਮੈਨੂਅਲ ਅਤੇ ਮਾਡਿਊਲ ਵਿਕਸਿਤ ਕਰਕੇ, ਅਨੁਵਾਦ ਲਈ ਟੈਕਨਾਲੋਜੀ ਦੀ ਲੋੜ ਦਾ ਮੁਲਾਂਕਣ ਕਰੇਗਾ।

## ਭਾਰਤੀ ਭਾਸ਼ਾਵਾਂ ਵਿੱਚ ਟੈਕਨਾਲੋਜੀ



ਭਾਰਤੀ ਭਾਸ਼ਾਵਾਂ ਵਿੱਚ ਟੈਕਨਾਲੋਜੀ ਇੱਕ ਅਜਿਹਾ ਖੇਤਰ ਹੈ, ਜਿੱਥੇ ਰਾਸ਼ਟਰ ਨੇ ਭਾਰਤੀ ਭਾਸ਼ਾਵਾਂ ਵਿੱਚ ਹਾਰਡਵੇਅਰ ਅਤੇ ਸੌਫਟਵੇਅਰ ਟੂਲ ਵਿਕਸਿਤ ਕਰਨ ਵਿੱਚ ਇੱਕ ਵੱਡੀ ਕ੍ਰਾਂਤੀ ਲਿਆਉਣੀ ਹੈ। ਇਸਦਾ ਅਰਥ ਹੈ ਭਾਰਤੀ ਭਾਸ਼ਾਵਾਂ ਵਿੱਚ ਭਾਰਤੀ ਓਪਰੇਟਿੰਗ ਸਿਸਟਮ (ਓਐਸ) ਅਤੇ ਮਸ਼ੀਨ ਲਰਨਿੰਗ (ਐਮਐਲ) ਦਾ ਨਿਰਮਾਣ, ਕੋਡਾਂ ਅਤੇ ਪ੍ਰੋਗਰਾਮਾਂ ਨੂੰ ਲਿਖਣ ਲਈ ਭਾਰਤੀ ਭਾਸ਼ਾਵਾਂ ਦੀ ਵਰਤੋਂ, ਵਿਸ਼ਵਵਿਆਪੀ ਸਵੀਕ੍ਰਿਤੀ ਲਈ ਭਾਰਤੀ ਭਾਸ਼ਾਵਾਂ ਦੀ ਤਕਨੀਕੀ ਵਰਤੋਂ ਲਈ ਮੁੱਖ ਮਾਪਦੰਡਾਂ ਨੂੰ ਵਿਕਸਿਤ ਕਰਨਾ, ਬਹੁ-ਪਰਤ ਦਾ ਵਿਕਾਸ ਕਰਨਾ, ਭਾਰਤੀ ਭਾਸ਼ਾਵਾਂ ਲਈ ਵੈੱਬ ਮਾਨਕੀਕਰਨ, ਭਾਰਤੀ ਭਾਸ਼ਾਵਾਂ ਵਿੱਚ ਮੋਬਾਈਲ ਐਪਸ ਅਤੇ ਟੈਕਨਾਲੋਜੀ ਦਾ ਵਿਕਾਸ ਕਰਨਾ, ਏਆਰ (ਔਗਮੈਂਟੇਡ ਰਿਐਲਿਟੀ) ਆਧਾਰਿਤ ਪਲੇਟਫਾਰਮਾਂ ਦਾ ਵਿਕਾਸ ਕਰਨਾ, ਏਆਰ/ਵੀਆਰ (ਵਰਚੁਅਲ ਰਿਐਲਿਟੀ)/ਐਮਵੀਆਰ (ਮਿਕਸਡ ਵਰਚੁਅਲ ਰਿਐਲਿਟੀ)/ਸਿਮੂਲੇਸ਼ਨ/ਡਿਜੀਟਲ ਟਵਿਨਿੰਗ ਵਗੈਰਾ ਨਾਲ ਭਾਰਤੀ ਭਾਸ਼ਾਵਾਂ ਨੂੰ ਏਕੀਕ੍ਰਿਤ ਕਰਨਾ ਹੈ। ਵਿਸ਼ੇਸ਼ ਧਿਆਨ ਭਾਰਤੀ ਭਾਸ਼ਾਵਾਂ ਵਿੱਚ ਟੈਕਨਾਲੋਜੀ ਦੇ ਨਿਰੰਤਰ ਵਿਕਾਸ ਅਤੇ ਇਸਨੂੰ ਮੁੱਖ ਧਾਰਾ ਵਿੱਚ ਲਿਆਉਣ ਦੇ ਮਾਧਿਅਮ ਰਾਹੀਂ ਸਰੋਤਾਂ ਦੀ ਵੰਡ ਤੇ ਸਥਾਨੀਕਰਨ ਕਰਕੇ ਸਾਰੇ ਹਿੱਤਧਾਰਕਾਂ ਨੂੰ ਇਕੱਠਿਆਂ ਲਿਉਣ 'ਤੇ ਹੋਵੇਗਾ।

## ਭਾਰਤੀ ਭਾਸ਼ਾਵਾਂ ਰਾਹੀਂ ਟੈਕਨਾਲੋਜੀ

ਜਿਵੇਂ ਕਿ ਐਨਈਪੀ-2020 ਦੁਆਰਾ ਕਲਪਨਾ ਕੀਤੀ ਗਈ ਹੈ, ਭਾਰਤੀ ਭਾਸ਼ਾਵਾਂ ਦੇ ਮਾਧਿਅਮ ਰਾਹੀਂ ਇੰਜੀਨੀਅਰਿੰਗ, ਮੈਡੀਕਲ, ਕਾਨੂੰਨੀ ਅਤੇ ਹੋਰ ਪੇਸ਼ੇਵਰ ਕੋਰਸਾਂ ਸਮੇਤ ਸਾਰੀ ਤਕਨੀਕੀ ਸਿੱਖਿਆ ਪ੍ਰਦਾਨ ਕਰਨਾ, ਸਮੱਗਰੀ ਅਤੇ ਕਾਰਜਪ੍ਰਣਾਲੀ ਦੇ ਵਿਕਾਸ, ਸਰੋਤ (ਜਿਵੇਂ ਕਿ ਡਿਜੀਟਲ ਪਾਠ-ਪੁਸਤਕਾਂ, ਸਿੱਖਣ-ਅਧਿਆਪਨ ਸਮੱਗਰੀ, ਅਤੇ ਭਾਰਤੀ ਭਾਸ਼ਾਵਾਂ ਵਿੱਚ ਸ਼ਬਦਾਵਲੀ) ਉਪਲਬਧ ਕਰਾਉਣਾ, ਜਾਂਚ ਅਤੇ ਮੁਲਾਂਕਣ, ਸਕੂਲਾਂ ਵਿੱਚ ਭਾਰਤੀ ਭਾਸ਼ਾਵਾਂ ਦੇ ਮਾਧਿਅਮ ਰਾਹੀਂ ਤਕਨੀਕੀ ਸਿੱਖਿਆ ਤੋਂ ਇਲਾਵਾ ਹੁਨਰ ਕੋਰਸ ਪ੍ਰਦਾਨ ਕਰਨਾ, ਵੋਕੇਸ਼ਨਲ ਸਿੱਖਿਆ ਸੰਸਥਾਵਾਂ, ਯੂਨੀਵਰਸਿਟੀਆਂ ਅਤੇ ਪੇਸ਼ੇਵਰ ਵਿਦਿਅਕ ਸੰਸਥਾਵਾਂ (ਜਿਵੇਂ ਕਿ ਆਈਆਈਟੀ, ਐਨਆਈਟੀ, ਆਈਆਈਆਈਟੀ, ਆਈਆਈਐਮ, ਆਈਆਈਐਸਈਆਰ, ਆਦਿ), ਅਤੇ ਭਾਰਤੀ ਭਾਸ਼ਾਵਾਂ ਦੀ ਵਰਤੋਂ ਕਰਨ ਲਈ ਪ੍ਰਿੰਟ ਅਤੇ ਸੋਸ਼ਲ ਮੀਡੀਆ ਲਈ ਦਿਸ਼ਾ-ਨਿਰਦੇਸ਼ ਅਤੇ ਮਿਆਰ ਤਿਆਰ ਕਰਨਾ, ਇਸ ਪਹਿਲੂ ਦੇ ਅਧੀਨ ਪ੍ਰਮੁੱਖ ਖੇਤਰ ਹਨ।

## ਸਿਖਰ ਸੰਮੇਲਨ ਦੇ ਪ੍ਰਮੁੱਖ ਖੇਤਰ

- ਟੈਕਨਾਲੋਜੀ ਦੀ ਮਦਦ ਨਾਲ ਭਾਰਤੀ ਭਾਸ਼ਾਵਾਂ ਰਾਹੀਂ ਸਿੱਖਿਆ ਪ੍ਰਦਾਨ ਕਰਨ ਦੇ ਤਰੀਕਿਆਂ ਦੀ ਖੋਜ ਕਰਨਾ।
- ਉਨ੍ਹਾਂ ਤਰਜੀਹੀ ਖੇਤਰਾਂ ਦੀ ਪਛਾਣ ਕਰਨਾ ਜਿੱਥੇ ਸਾਰੀਆਂ ਭਾਰਤੀ ਭਾਸ਼ਾਵਾਂ ਲਈ ਭਾਰਤੀ ਭਾਸ਼ਾ ਤਕਨੀਕ ਸਾਧਨਾਂ ਦੀ ਲੋੜ ਹੈ।
- ਭਾਰਤੀ ਭਾਸ਼ਾਵਾਂ ਵਿੱਚ ਅਧਿਆਪਨ, ਸਿਖਲਾਈ, ਜਾਂਚ ਅਤੇ ਵਿਦਿਅਕ ਸਮੱਗਰੀ ਦਾ ਅਨੁਵਾਦ ਕਰਨ ਵਿੱਚ ਟੈਕਨਾਲੋਜੀ ਦਾ ਏਕੀਕਰਣ।
- ਭਾਰਤੀ ਭਾਸ਼ਾ ਡੋਮੇਨ ਵਿੱਚ ਹਾਲ ਹੀ ਦੇ ਤਕਨੀਕੀ ਵਿਕਾਸ ਨੂੰ ਪ੍ਰਦਰਸ਼ਿਤ ਕਰਨਾ। ਇਸ ਵਿੱਚ ਭਾਰਤੀ ਸੰਕੇਤਕ ਭਾਸ਼ਾ ਅਤੇ ਬ੍ਰੇਲ ਲਿਪੀ ਲਈ ਤਕਨੀਕੀ ਵਿਕਾਸ ਵੀ ਸ਼ਾਮਲ ਹੋਵੇਗਾ।
- ਤਕਨੀਕੀ ਦਖਲ ਦੁਆਰਾ ਸਾਰੇ ਜਨਤਕ ਅਤੇ ਨਿੱਜੀ ਖੇਤਰਾਂ ਵਿੱਚ ਭਾਰਤੀ ਭਾਸ਼ਾਵਾਂ ਦਾ ਪ੍ਰਚਾਰ।
- ਭਾਰਤੀ ਭਾਸ਼ਾਵਾਂ ਵਿੱਚ ਅਤੇ ਰਾਹੀਂ ਤਕਨੀਕੀ ਵਿਕਾਸ ਦੀ ਮੌਜੂਦਾ ਸਥਿਤੀ ਅਤੇ ਚੁਣੌਤੀਆਂ ਨੂੰ ਸਮਝਣਾ।
- ਭਾਰਤੀ ਭਾਸ਼ਾਵਾਂ ਲਈ, ਵਿੱਚ ਅਤੇ ਰਾਹੀਂ ਟੈਕਨਾਲੋਜੀ ਲਈ ਭਵਿੱਖ ਦੀ ਦਿਸ਼ਾ ਲਈ ਤਰੀਕੇ ਅਤੇ ਸਾਧਨ ਸੁਝਾਉਣਾ।

## ਅਨੁਮਾਣਿਤ ਨਤੀਜੇ

ਸਿਖਰ ਸੰਮੇਲਨ ਭਾਰਤੀ ਭਾਸ਼ਾਵਾਂ ਲਈ, ਭਾਰਤੀ ਭਾਸ਼ਾਵਾਂ ਵਿੱਚ ਅਤੇ ਭਾਰਤੀ ਭਾਸ਼ਾਵਾਂ ਰਾਹੀਂ ਟੈਕਨਾਲੋਜੀ ਦੇ ਵਿਕਾਸ ਤੇ ਵਰਤੋਂ ਲਈ ਰੋਡਮੈਪ 'ਤੇ ਇੱਕ ਦਸਤਾਵੇਜ਼ ਲੈ ਕੇ ਆਵੇਗਾ।

## ਸਹਿਭਾਗਤਾ

ਅਕਾਦਮੀਆ, ਉਦਯੋਗ ਦੇ ਨੇਤਾਵਾਂ, ਭਾਸ਼ਾ ਮਾਹਰਾਂ, ਭਾਸ਼ਾ ਵਿਗਿਆਨੀ, ਐਜੂ-ਟੈਕ/ਸਟਾਰਟ-ਅੱਪ ਕੰਪਨੀਆਂ, ਰਾਜ ਸਰਕਾਰਾਂ, ਭਾਸ਼ਾ ਟੈਕਨਾਲੋਜੀ ਦੇ ਖੋਜਕਰਤਾਵਾਂ ਅਤੇ ਵਿਕਾਸਕਰਤਾਵਾਂ, ਨੀਤੀ ਅਤੇ ਫੈਸਲੇ ਲੈਣ ਵਾਲਿਆਂ ਨੂੰ ਇਸ ਸੰਮੇਲਨ ਵਿੱਚ ਭਾਗ ਲੈਣ ਲਈ ਸੱਦਾ ਦਿੱਤਾ ਜਾਂਦਾ ਹੈ।

## ਪੰਜੀਕਰਨ ਪ੍ਰਕਿਰਿਆ

**Register at:** https://technology-bharatiyabhasha.aicte-india.org/

ਸਿਖਰ ਸੰਮੇਲਨ ਵਿੱਚ ਭਾਗ ਲੈਣ ਲਈ ਸੀਮਤ ਪ੍ਰਤਿਭਾਗੀਆਂ ਨੂੰ ਸੱਦਾ ਦਿੱਤਾ ਜਾਵੇਗਾ।

**ਸੰਪਰਕ ਵੇਰਵੇ:**

**ਪ੍ਰੋ. ਸ਼ੈਲਿੰਦਰ ਮੋਹਨ**

**ਡਾਇਰੈਕਟਰ**

**ਭਾਰਤੀ ਭਾਸ਼ਾ ਸੰਸਥਾਨ**

ਮਾਨਸਾਗੰਗੋਤਰੀ, ਹੰਸੁਰ ਰੋਡ

ਮੈਸੂਰੂ-570006, ਕਰਨਾਟਕ, ਭਾਰਤ

**ਫੋਨ ਨੰਬਰ:** +91 821 2345000, +91 821 2345006

**ਫੈਕਸ ਨੰਬਰ:** 91 821 2515032

**ਈਮੇਲ:** director-ciil@gov.in

